بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 15.05.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 15 ਮਈ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਇਹ ਰੱਬ ਦੇ ਕੰਮ ਹਨ ਉਸ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਗਿਆਨ ਤੇ ਮਆਰਫ਼ਤ ਦੇ ਖ਼ਜ਼ਾਨੇ ਦੇਕੇ ਭੇਜਿਆ ਹੈ ਅਤੇ ਸਫ਼ਲਤਾ ਦਾ ਵਾਦਾ ਕੀਤਾ ਹੈ । ਸਾਡਾ ਕੰਮ ਇਹ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਾਹਿਤ ਤੇ ਕਿਤਾਬਾਂ ਤੋਂ ਵੱਧ ਤੋਂ ਵੱਧ ਲਾਭ ਉਠਾਉਣ ਦਾ ਜਤਨ ਕਰੀਏ । ਜੇਕਰ ਸਾਡਾ ਧਿਆਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਪੜ੍ਹਨ ਵੱਲ ਘੱਟ ਸੀ ਤਾਂ ਹੁਣ ਬਹੁਤਾ ਧਿਆਨ ਪੈਦਾ ਹੋਣਾ ਚਾਹੀਦਾ ਹੈ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਬੀਤੇ ਜੁਮਏ ਵਿੱਚ ਮੈਂ ਦੱਸਿਆ ਸੀ ਕਿ ਪੰਜਾਬ ਸਰਕਾਰ ਨੇ ਜਮਾਤ ਦੀਆਂ ਕੁਝ ਕਿਤਾਬਾਂ ਉਪੱਰ ਪਾਬੰਦੀ ਲਾਈ ਹੋਈ ਹੈ ਕਿ ਉਹਨਾਂ ਦਾ ਪ੍ਰਕਾਸ਼ਨ ਨਹੀਂ ਹੋ ਸਕਦਾ ਜਾਂ ਡਿਸਪਲੇ ਆਦਿ ਨਹੀਂ ਹੋ ਸਕਦਾ ਅਤੇ ਇਸ ਗੱਲ ਦੀਆਂ ਓਥੋਂ ਦੀਆਂ ਅਖ਼ਬਾਰਾਂ ਨੇ ਵੀ ਖ਼ਬਰ ਦਿੱਤੀ ਹੈ । ਅੱਜ ਕੱਲ ਫ਼ੋਨ'ਤੇ ਹੀ ਵੀਡੀਓ ਮੈਸੇਜ ਰਾਹੀਂ ਅਤੇ ਹੋਰਨਾ ਤਰੀਕਿਆਂ ਰਾਹੀਂ ਜੋ ਵੀ ਤਰੀਕੇ ਉਪਲਭਦ ਹਨ ਸੰਦੇਸ਼ ਭੇਜਣ ਦੇ ਉਹਨਾਂ ਰਾਹੀਂ ਮਿੰਟਾਂ ਵਿੱਚ ਖ਼ਬਰਾਂ ਦੁਨੀਆ ਵਿੱਚ ਫੈਲ ਜਾਂਦੀਆਂ ਹਨ । ਲੋਕ ਇਹ ਦੇਖਕੇ ਸੁਣ ਕੇ ਮੈਂਨੂੰ ਲੋਕ ਪਤੱਰ ਲਿੱਖਦੇ ਹਨ ਅਤੇ ਫ਼ੈਕਸ ਆਦਿ ਰਾਹੀ ਪਰੇਸ਼ਾਨੀ ਦਾ ਪ੍ਰਗਟਾਵਾ ਕਰਦੇ ਹਨ । ਸਾਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਇਹ ਗੱਲਾਂ ਕੋਈ ਨਵੀਂ ਚੀਜਾਂ ਨਹੀਂ ਹਨ ਅਰੰਭ ਤੋਂ ਹੀ ਜੱਦ ਤੋਂ ਇਹ ਜਮਾਤ ਕਾਇਮ ਹੈ ਇਸ ਪ੍ਰਕਾਰ ਦੀਆਂ ਹਰਕਤਾਂ ਲੋਕ ਕਰਦੇ ਆ ਰਹੇ ਹਨ ਅਤੇ ਕਰਦੇ ਰਹਿਣਗੇ । ਇਹਨਾ ਹਰਕਤਾਂ ਤੋਂ ਨ ਪਹਿਲਾਂ ਕਦੇ ਜਮਾਤ ਨੂੰ ਹਾਨੀ ਹੋਈ ਹੈ ਅਤੇ ਨ ਹੀ ਭਵਿੱਖ ਵਿੱਚ ਕਦੇ ਹਾਨੀ ਹੋਵੇਗੀ (ਇੰਸ਼ਾਅਲੱਾਹ) । ਨ ਹੀ ਇਹ ਹਾਨੀ ਪਹੁੰਚਾ ਸਕਦੇ ਹਨ, ਨ ਹੀ ਕਿਸੇ ਮਾਂ ਨੇ ਉਹ ਬਚੱਾ ਜਣਿਆ ਹੈ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਰੱਬੀ ਮਿਸ਼ਨ ਨੂੰ ਇਹਨਾਂ ਗੱਲਾਂ ਰਾਹੀਂ ਕੋਈ ਰੋਕ ਲਾ ਸਕੇ । ਇਹਨਾ ਨਾਂ ਨਿਹਾਦ ਮੋਲਵੀਆਂ ਅਤੇ ਉਹਨਾਂ ਵੱਲ ਦੇਖਣ ਵਾਲੀਆਂ ਸਰਕਾਰਾਂ ਨੂੰ ਅਹਮਦੀਅਤ ਦੀ ਤਰੱਕੀ ਦੇਖ ਕੇ ਈਰਖਾ ਦੇ ਪ੍ਰਗਟਾਵੇ ਲਈ ਕੋਈ ਬਹਾਨਾ ਚਾਹੀਦਾ ਹੈ । ਇਸ ਈਰਖਾ ਵਿੱਚ ਐਨ੍ਹੇ ਅੰਨ੍ਹੇ ਹਨ ਕਿ ਉਹਨਾਂ ਦੀਆਂ ਅਕਲਾਂ ਉਪੱਰ ਉਕੱਾ ਹੀ ਪਰਦੇ ਪੈ ਜਾਂਦੇ ਹਨ । ਵੇਖਣ ਨੂੰ ਪੜ੍ਹੇ ਲਿਖੇ ਲੋਕ ਜਾਹਲਾਂ ਤੋਂ ਵੀ ਵੱਧ ਆਪਣੀਆਂ ਹਰਕਤਾਂ ਦਾ ਪ੍ਰਗਟਾਵਾ ਕਰ ਰਹੇ ਹੁੰਦੇ ਹਨ । ਕਦੇ ਵੀ ਉਹੰਨਾਂ ਨੇ ਇਹ ਜਾਨਣ ਦਾ ਜਤਨ ਨਹੀਂ ਕੀਤਾ ਹੁੰਦਾ ਕਿ ਦੇਖੀਏ ਇਸਲਾਮ ਦੀ ਵਾਸਤਵਿਕ ਸਿੱਖਿਆ ਅਤੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਦੀ ਮਹਾਨਤਾ ਤੇ ਮੁਕਾਮ ਨੂੰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਕਿਵੇਂ ਵਰਨਣ ਕੀਤਾ ਹੈ ਅਤੇ ਜਮਾਤ ਦੇ ਲਿਟ੍ਰੇਚਰ ਵਿੱਚ ਇਹ ਸਭ ਕੁਝ ਕਿੰਨ੍ਹੇ ਸੋਹਣੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ । ਨਿਆਂ ਪਸੰਦ ਮੁਸਲਮਾਨ ਜੋ ਹਨ ਅਰਬ ਵਾਸੀਆਂ ਵਿੱਚੋਂ ਵੀ ਤੇ ਹੋਰਨਾ ਜਾਤੀਆਂ ਵਿੱਚੋਂ ਵੀ ਜੱਦ ਇਹ ਲੋਕ ਦੇਖਦੇ ਹਨ ਕਿ ਹਕੀਕਤ ਕੀ ਹੈ, ਜੱਦ ਜਮਾਤ ਦਾ ਲਿਟ੍ਰੇਜਰ ਦੇਖਦੇ ਹਨ ਕਿਤਾਬਾਂ ਦੇਖਦੇ ਹਨ ਅਤੇ ਫਿਰ ਪਤਾ ਲਗੱਦਾ ਹੈ ਕਿ ਹਕੀਕਤ ਕੀ ਹੈ

ਤਾਂ ਹੈਰਾਨ ਰਹਿ ਜਾਂਦੇ ਹਨ ਕਿ ਇਹਨਾਂ ਨਾਂ ਨਿਹਾਦ ਮੌਲਵੀਆਂ ਨੇ ਜੋ ਆਪਣੇ ਆਪ ਨੂੰ ਇਸਲਾਮ ਦਾ ਅਲੰਬਰਦਾਰ (ਠੇਕੇਦਾਰ) ਸਮਝਦੇ ਹਨ ਕਿਵੇਂ ਝੂਠ ਬੋਲਿਆ ਅਤੇ ਧੋਖੇ ਨਾਲ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਵਿਚਾਰਾਂ ਨੂੰ ਸਿੱਖਿਆਵਾਂ ਨੂੰ ਆਪ ਜੀ ਦੀਆਂ ਲੇਖਣੀਆਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਹੈ ਅਤੇ ਕਰਦੇ ਚਲੇ ਜਾ ਰਹੇ ਹਨ । ਇਹ ਦੇਖ ਕੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲਾਹੁ ਅਲੈਹਿ ਵਸਲਅਮ ਦੇ ਮੁਕਾਮ ਅਤੇ ਇਸਲਾਮ ਦੀ ਸੁੰਦਰ ਸਿੱਖਿਆ ਦੀ ਮਹਾਨਤਾ ਨੂੰ ਕਿਵੇਂ ਵਰਨਣ ਕੀਤਾ ਹੈ ਸਾਡੇ ਲਈ ਜੋ ਲਾਈਵ ਟੀਵੀ ਪ੍ਰੋਗ੍ਰਾਮ ਹੁੰਦੇ ਹਨ ਐਮ.ਟੀ.ਏ ਦੇ ਉਹਨਾਂ ਵਿੱਚ ਵੀ ਅਤੇ ਪਤੱਰਾਂ ਰਾਹੀਂ ਵੀ ਇਸ ਗੱਲ ਦਾ ਅਧਿਕਤਰ ਲੋਕ ਪ੍ਰਗਟਾ ਕਰਦੇ ਹਨ ਜੋ ਅਜੇ ਅਹਮਦੀ ਨਹੀਂ ਹੋਏ ਕਿ ਸਾਨੂੰ ਇਸ ਮਹਾਨਤਾ ਤੇ ਸ਼ਾਨ ਦਾ ਹੁਣ ਪਤਾ ਲੱਗਾ ਹੈ । ਨਹੀਂ ਤਾਂ ਇਹਨਾ ਮੌਲਵੀਆਂ ਨੇ ਸਾਨੂੰ ਜਹਾਲਤ ਦੇ ਪਰਦੇ ਵਿੱਚ ਰੱਖਿਆ ਹੋਇਆ ਸੀ । ਲੋਕਾਂ'ਤੇ ਇਹ ਗੱਲ ਪ੍ਰਕਟ ਹੁੰਦੀ ਹੈ ਕਿ ਅਹਮਦੀਅਤ ਦੀ ਦੁਸ਼ਮਣੀ ਵਿੱਚ ਇਹ ਲੋਕ ਜਾਣਦਿਆਂ ਹੋਇਆ ਜਾਂ ਅਣਜਾਣੇ ਵਿੱਚ ਹਜ਼ਰਤ ਮੁਹਮੱਦ ਮੁਸਤਫ਼ਾ ਸਲਲਾਹੁ ਅਲੈਹਿ ਵਸਲਅਮ ਅਤੇ ਇਸਲਾਮ ਦੇ ਨਾਂ'ਤੇ ਦਾਗ਼ ਲਾਉਣ ਦਾ ਸਬਬ ਬਣ ਰਹੇ ਹਨ ।

ਬਹਿਰਹਾਲ ਮੌਲਵੀਆਂ ਦਾ ਧਰਮ ਹੀ ਦੁਸ਼ਮਣੀ ਤੇ ਫ਼ਸਾਦ ਹੈ ਇਸ ਲਈ ਇਹ ਕਦੇ ਜਤਨ ਹੀ ਨਹੀਂ ਕਰਨਗੇ ਕਿ ਅਸੀਂ ਵਾਸਤਵਿਕਤਾ ਪਤਾ ਕਰੀਏ, ਭਾਵੇਂ ਇਸ ਕਾਰਣ ਸਾਧਾਰਣ ਮੁਸਲਮਾਨਾਂ ਵਿੱਚ ਜਿੰਨ੍ਹਾ ਵੀ ਵਿਗਾੜ ਪੈ ਜਾਵੇ । ਇਹ ਤਾਂ ਉਹਨਾਂ ਦੇ ਕੰਮ ਹਨ ਅਤੇ ਉਹ ਕਰਦੇ ਜਾਣ ਗੇ ਕਿਉਂਕਿ ਉਹਨਾਂ ਨੂੰ ਧਰਮ ਤੋਂ ਵੱਧਕੇ ਆਪਣੇ ਵਿਅਕਤੀਗਤ ਲਾਭ ਪਿਆਰੇ ਹਨ ਪਰ ਹਮੇਸ਼ਾ ਵਾਂਗ ਉਹਨਾਂ ਵਿਰੋਧੀਆਂ ਦੇ ਇਹ ਕਰਮ ਸਾਡੇ ਈਮਾਨਾਂ ਵਿੱਚ ਦ੍ਰਿੜ੍ਹਤਾ ਪੈਦਾ ਕਰਨ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਸੰਬੰਧਾਂ ਵਿੱਚ ਵਧੱਣ ਲਈ ਖਾਦ ਦਾ ਕੰਮ ਦੇਣ ਵਾਲੇ ਹੋਣੇ ਚਾਹੀਦੇ ਹਨ । ਜੇਕਰ ਸਾਡਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਪੜ੍ਹਨ ਵੱਲ ਧਿਆਨ ਘੱਟ ਸੀ ਤਾਂ ਹੁਣ ਬਹੁਤੀ ਤਵਜੁੱਹ ਹੋਣੀ ਚਾਹੀਦੀ ਹੈ ।

ਇਕ ਪੰਜਾਬ ਦੀ ਸਰਕਾਰ ਨਾਲ ਕੀ ਸਾਰੀ ਦੁਨੀਆ ਦੀਆਂ ਸਰਕਾਰਾਂ ਦੀ ਰੋਕਾਂ ਨਾਲ ਵੀ ਇਹ ਕੰਮ ਰੁਕਣ ਵਾਲਾ ਨਹੀਂ ਕਿਉਂਕਿ ਇਹ ਮਨੁੱਖੀ ਜਤਨਾਂ ਨਾਲ ਕੀਤੇ ਜਾਣ ਵਾਲੇ ਕੰਮ ਨਹੀਂ ਇਹ ਰੱਬ ਦੇ ਕੰਮ ਹਨ । ਉਸ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਗਿਆਨ ਤੇ ਮਆਰਫ਼ਤ ਦੇ ਖ਼ਜ਼ਾਨਿਆਂ ਨਾਲ ਭੇਜਿਆ ਹੈ ਅਤੇ ਸਫ਼ਲਤਾ ਦਾ ਵਾਦਾ ਦਿੱਤਾ ਹੈ । ਹਮੇਸ਼ਾ ਅਸੀਂ ਇਹੋ ਦੇਖਿਆ ਹੈ ਕਿ ਵੱਡੀਆਂ ਵੱਡੀਆਂ ਰੁਕਾਵਟਾਂ ਅਤੇ ਦੁਸ਼ਮਣੀਆਂ ਦੇ ਬਾਦ ਵੀ ਜਮਾਤ ਦੀ ਤਰੱਕੀ ਬਹੁਤੀ ਉਭਰ ਕੇ ਸਾਹਮਣੇ ਆਈ ਹੈ । ਆਪਣੇ ਹੀ ਭਰਮ ਵਿੱਚ ਜੋ ਇਹ ਸਾਡੇ ਵਿਰੁਧ ਪੈਰ੍ਹ ਪੁੱਟਿਆ ਗਿਆ ਹੈ ਇਹ ਤਾਂ ਮਮੂਲੀ ਜਿਹੀ ਰੋਕ ਹੈ । ਸਾਨੂੰ ਤਾਂ ਜਿੰਨ੍ਹਾ ਦਿਤੱਾ ਜਾਵੇ ਰੱਬ ਉਨ੍ਹਾਂ ਹੀ ਆਪਣੀਆਂ ਮਿਹਰਾਂ ਵਧਾਉਂਦਾ ਹੈ । ਇੰਸ਼ਾਅਲੱਾਹ ਤਆਲਾ ਹੁਣ ਵੀ ਚੰਗਾ ਹੀ ਹੋਵੇਗਾ ਇਸ ਲਈ ਚਿੰਤਾ ਦੀ ਕੋਈ ਗੱਲ ਨਹੀਂ ਹੈ । ਇਸ ਲਈ ਬਹੁਤੀ ਚਿੰਤਾ ਤੇ ਪਰੇਸ਼ਾਨੀ ਦੀ ਲੋੜ ਨਹੀਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਤਾਂ ਹੁਣ ਸੰਸਾਰ ਦੇ ਹੋਰਨਾ ਦੇਸ਼ਾਂ ਵਿੱਚ ਵੀ ਛੱਪ ਰਹੀਆਂ ਹਨ । ਵੈਬਸਾਈਟ ਉਪੱਰ ਵੀ ਉਪਲਭਦ ਹਨ, ਆਡੀਓ ਵਿੱਚ ਵੀ ਕਈ ਕਿਤਾਬਾਂ ਉਪਲਭਦ ਹਨ ਅਤੇ ਬਾਕੀ ਵੀ ਇੰਸ਼ਾਅਲੱਾਹ ਛੇਤੀ ਉਪਲਭਦ ਕਰਾਉਣ ਦੇ ਜਤਨ ਕੀਤੇ ਜਾਣਗੇ । ਇਕ ਸਮਾਂ ਸੀ ਜੱਦ ਇਹ ਚਿੰਤਾ ਸੀ ਕਿ ਪ੍ਰਕਾਸ਼ਨ ਉਪੱਰ ਪਾਬੰਦੀ ਨਾਲ ਹਾਨੀ ਹੋ ਸਕਦੀ ਹੈ । ਹੁਣ ਤਾਂ ਰੱਬ ਦੀ ਮਿਹਰ ਨਾਲ ਇਹ ਗਿਆਨ ਦੇ ਮਆਰਫ਼ਤ ਦੇ ਖ਼ਜ਼ਾਨੇ ਜੋ ਹਨ ਵਾਤਾਵਰਣ ਵਿੱਚ ਫੈਲੇ ਹੋਏ ਹਨ ਜੋ ਇਕ ਬਟਨ ਦਬਾਉਣ ਨਾਲ ਸਾਡੇ ਸਾਹਮਣੇ ਆ ਜਾਂਦੇ ਹਨ । ਸਾਡਾ ਕੰਮ ਇਹ ਹੈ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਗਿਆਨ ਤੇ ਮਆਰਫ਼ਤ ਨਾਲ ਭਰਪੂਰ ਸਾਹਿਤ ਤੇ ਕਿਤਾਬਾਂ ਨਾਲ ਵੱਧ ਤੋਂ ਵੱਧ ਲਾਭ ਉਠਾਉਣ ਦਾ ਜਤਨ ਕਰੀਏ । ਐਮ.ਟੀ.ਏ. ਉਪੱਰ ਵੀ ਮੈਂ ਹੁਣ ਸੋਚਿਆ ਹੈ ਕਿ ਇੰਸ਼ਾਅਲੱਾਹ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦੀਆਂ ਕਿਤਾਬਾਂ ਦਾ ਦਰਸ (ਪਰਵਚਨ) ਪਹਿਲਾਂ ਤੋਂ ਵੱਧ ਸਮਾਂ ਵਧਾਕੇ ਦਿੱਤਾ ਜਾਵੇਗਾ ਅਤੇ ਇਸ ਪ੍ਰਕਾਰ ਪਾਕਿਸਤਾਨ ਦੇ ਇਕ ਪ੍ਰਾਂਤ ਦੇ ਕਾਨੂਨ ਕਰਕੇ ਦੁਨੀਆ ਵਿੱਚ ਫੈਲੇ ਹੋਏ ਅਹਮਦੀਆਂ ਦਾ ਲਾਭ ਹੋ ਜਾਵੇਗਾ । ਇਹ ਲੋਕ ਜੋ ਹਮੇਸ਼ਾ ਇਹ ਦਾਵਾ ਕਰਦੇ ਹਨ ਕਿ ਅਸੀਂ ਇਸ਼ਕੇ ਰਸੂਲ ਵਿੱਚ ਬਹੁਤ ਅੱਗੇ ਵਧੇ ਹੋਏ ਹਾਂ ਅਤੇ ਇਸਲਾਮੀ ਸਿੱਖਿਆ ਦੇ ਇਹ ਬਹੁਤ ਵੱਡੇ ਅਲੰਬਰਦਾਰ (ਠੇਕੇਦਾਰ) ਹਨ

ਅਤੇ ਇਸ ਕਰਕੇ ਇਹ ਸਾਡੀ ਵਿਰੋਧਤਾ ਕਰਦੇ ਹਨ । ਉਹਨਾਂ ਨੇ ਕਦੇ ਵੀ ਨਿਆਂ ਦੀ ਦ੍ਰਿਸ਼ਟੀ ਨਾਲ ਜਮਾਤ ਦੇ ਲਿਟ੍ਰੇਚਰ ਨੂੰ ਨਹੀਂ ਪੜ੍ਹਿਆ ਨ ਹੀ ਪੜ੍ਹਨ ਦਾ ਜਤਨ ਕੀਤਾ ਹੈ । ਉਂਝ ਤਾਂ ਆਮ ਤੌਰ'ਤੇ ਉਹਨਾਂ ਨੂੰ ਹਮੇਸ਼ਾਂ ਹੀ ਸਾਡੇ ਵੱਲੋਂ ਉਹਨਾਂ ਦੇ ਦਾਵੇ ਦੀ ਵਾਸਤਵਿਕਤਾ ਅਤੇ ੳਹਨਾਂ ਦਾ ਅਸਲੀ ਚਿਹਰਾਂ ਉਹਨਾਂ ਨੂੰ ਦਿਖਾਇਆ ਜਾਂਦਾ ਰਿਹਾ ਹੈ ਪਰ ਮੈਂ ਸੋਚਿਆ ਹੈ ਕਿ ਅੱਜ ਵੀ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਾਹਿਤ ਦੇ ਹਵਾਲਿਆਂ ਨਾਲ ਜਿੰਨ੍ਹਾ ਵਿੱਚ ਸਾਡੇ ਵਿਰੋਧੀਆਂ ਦੇ ਵਿਚਾਰ ਵਿੱਚ ਨਊਜ਼ ਬਿਲੱਾਹ ਇਸਲਾਮ ਅਤੇ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੇ ਮੁਕਾਮ ਦੇ ਵਿਰੁਧ ਗੱਲਾਂ ਕੀਤੀਆਂ ਗਈਆਂ ਹਨ, ਮਹਾਨਤਾ ਦੇ ਵਿਰੁਧ ਗੱਲਾਂ ਕੀਤੀਆਂ ਗਈਆਂ ਹਨ ਅਤੇ ਸਿੱਖਿਆਵਾਂ ਦੇ ਵਰੁਧ ਗੱਲਾਂ ਕੀਤੀਆਂ ਗਈਆਂ ਹਨ ਜਾਂ ਉਹਨਾਂ ਵਿੱਚ ਨਫ਼ਰਤ ਤੇ ਦਿਲ ਦੁਖਾਉਣ ਵਾਲੀਆਂ ਗੱਲਾਂ ਹਨ । ਉਸ ਵਿੱਚੋਂ ਕੁਝ ਹਵਾਲੇ ਪੇਸ਼ ਕਰਾਂ । ਸਾਰੇ ਵਿਸੇ ਤਾਂ ਬਹੁਤ ਵਿਸ਼ਾਲ ਹਨ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੀ ਮਹਾਨਤਾ ਤੇ ਮੁਕਾਮ ਵਿੱਚ ਸਾਨੂੰ ਦਿਖਾਏ ਹਨ । ਹੈਰਾਨੀ ਹੁੰਦੀ ਹੈ ਕਿ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਨਾਲ ਪ੍ਰੇਮ ਤੇ ਮੁਹਬੱਤ ਦਾ ਦਾਵਾ ਕਰਨ ਵਾਲਾ ਕੋਈ ਵਿਅਕਤੀ ਉਹਨਾਂ ਨੂੰ ਸੁਨਣ ਤੇ ਪੜ੍ਹਨ ਤੋਂ ਆਪਣੇ ਕੰਨ੍ਹ ਤੇ ਅਖੱਾਂ ਬੰਦ ਕਰ ਸਕਦਾ ਹੈ । ਪਰ ਇਹਨਾਂ ਨਾਂ ਨਿਹਾਦ ਮੌਲਵੀਆਂ ਨਾਲ ਸਾਨੂੰ ਕੋਈ ਗ਼ਰਜ਼ ਨਹੀਂ, ਪਰ ਅਜਿਹੇ ਹਜ਼ਾਰਾਂ ਹੀ ਉਹ ਲੋਕ ਜੋ ਸਾਡੀਆਂ ਗੱਲਾਂ ਐਮ.ਟੀ.ਏ. ਰਾਹੀਂ ਸੁਣਦੇ ਹਨ ਉਹਨਾਂ ਦੇ ਦਿਲਾਂ ਨੂੰ ਹੋਰ ਵਧੇਰੇ ਖੋਲਣ ਲਈ ਅਤੇ ਅਮਹਦੀਆਂ ਦੇ ਦਿਲਾਂ ਤੇ ਸੋਚ ਵਿੱਚ ਹੋਰ ਦ੍ਰਿੜ੍ਹਤਾ ਪੈਦਾ ਕਰਨ ਲਈ ਉਸ ਦਾ ਉਚਿਤ ਹਲ ਪੈਦਾ ਕਰਨ ਲਈ ਕੁਝ ਹਵਾਲੇ ਪੇਸ਼ ਕਰਾਂ ਗਾ । ਪਹਿਲਾ, ਇਲਾਹੀ ਉਸਤਤੀ ਅਤੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਉਪੱਰ ਦੁਰੂਦ ਭੇਜਣ ਦਾ ਜੋ ਪਿਆਰਾ ਅੰਦਾਜ਼ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਹੈ ਇਕ ਥਾਂ ਆਪ ਫ਼ਰਮਾਉਂਦੇ ਹਨ ਕਿ ਇਲਾਹੀ ਤੇਰਾ ਹਜ਼ਾਰ ਹਜ਼ਾਰ ਸ਼ੁਕਰ ਹੈ ਕਿ ਤੂੰ ਸਾਨੂੰ ਆਪਣੀ ਪਛਾਣ ਦਾ ਆਪ ਮਾਰਗ ਦੱਸਿਆ ਅਤੇ ਆਪਣੀ ਪਵਿਤੱਰ ਕਿਤਾਬਾਂ ਨੂੰ ਨਾਜ਼ਲ ਕਰਕੇ ਚਿੰਤਾ ਤੇ ਸੋਚ ਦੀਆਂ ਗ਼ਲਤੀਆਂ ਅਤੇ ਖ਼ਤਾਵਾਂ ਤੋਂ ਸਾਨੂੰ ਬਚਾਇਆ ਅਤੇ ਦੁਰੂਦ ਤੇ ਸਲਾਮ ਹਜ਼ਰਤ ਸਯੱਦੇ ਰੁਸੁਲ ਮੁਹਮੱਦ ਮੁਸਤਫ਼ਾ ਸਲਲਾਹੁ ਅਲੈਹਿ ਵਸਲਅਮ ਅਤੇ ਉਹਨਾਂ ਦੀ ਸੰਤਾਨ ਤੇ ਸਹਾਬਾ ਉਪੱਰ ਜਿਸ ਰਾਹੀ ਰੱਬ ਨੇ ਇਕ ਭਟਕੇ ਹੋਏ ਜਹਾਨ ਨੂੰ ਸੁਮਾਰਗ ਉਪੱਰ ਚਲਾਇਆ, ਉਹ ਅਧਿਆਤਮਕ ਤੇ ਲਾਹੇਵੰਦ ਆਗੂ ਜੋ ਭੁੱਲੀ ਹੋਈ ਖ਼ਲਕਤ ਨੂੰ ਫਿਰ ਸੁਮਾਰਗ ਉਪੱਰ ਲਿਆਇਆ, ਉਹ ਪਰਉਪਕਾਰੀ ਅਤੇ ਅਹਿਸਾਨ ਕਰਨ ਵਾਲਾ ਜਿਸ ਨੇ ਲੋਕਾਂ ਨੂੰ ਅਨੇਕ ਈਸ਼ਵਰ ਵਾਦ ਤੇ ਬੁਤਾਂ ਦੀ ਬਲਾ ਤੋਂ ਛੁਡਾਇਆ, ਉਹ ਨੂਰ ਤੇ ਪ੍ਰਕਾਸ਼ਮੰਡਲ ਜਿਸਨੇ ਤੌਹੀਦ (ਇਕ ਈਸ਼ਵਰਵਾਦ) ਦੀ ਰੌਸ਼ਨੀ ਨੂੰ ਦੁਨੀਆ ਵਿੱਚ ਫੈਲਾਇਆ, ਉਹ ਹਕੀਮ ਤੇ ਜੁੱਗ ਦਾ ਰੋਗ ਨਿਵਾਰਕ ਜਿਸ ਨੇ ਵਿਗੜੇ ਹੋਏ ਦਿਲਾਂ ਦਾ ਰਾਸਤੀ (ਸਿੱਧੇ ਮਾਰਗ) ਉਪੱਰ ਪੈਰ੍ਹ ਜਮਾਇਆ, ਉਹ ਕਰੀਮ (ਕਿਰਪਾਲੂ) ਤੇ ਕ੍ਰਿਸ਼ਮੇ ਦਿਖਾਉਣ ਵਾਲਾ ਜਿਸ ਨੇ ਮੁਰਦਿਆਂ ਨੂੰ ਜੀਵਨ ਦਾ ਪਾਣੀ ਪਿਆਇਆ, ਉਹ ਰਹੀਮ ਤੇ ਮਿਹਰਵਾਨ ਜਿਸ ਨੇ ਉਮੱਤ ਲਈ ਦੁੱਖ ਖਾਧਾ ਤੇ ਔਕੁੜਾਂ ਝੱਲੀਆਂ ਉਹ ਦਲੇਰ ਤੇ ਪਹਿਲਵਾਨ ਜੋ ਸਾਨੂੰ ਮੌਤ ਦੇ ਮੂੰਹੋਂ ਕੱਢ ਲਿਆਇਆ, ਉਹ ਹਲੀਮ ਅਤੇ ਵਿਨਮਰ ਮਨੁੱਖ ਜਿਸ ਨੇ ਬੰਦਗੀ ਵਿੱਚ ਸਿਰ ਝੁਕਾਇਆ ਅਤੇ ਆਪਣੀ ਹਸਤੀ ਨੂੰ ਮਿੱਟੀ ਵਿੱਚ ਮਿਲਾਇਆ, ਉਹ ਕਾਮਲ ਬ੍ਰਹਮਗਿਆਨੀ ਜਿਸ ਨੂੰ ਕੇਵਲ ਰੱਬ ਦਾ ਜਲਾਲ ਚੰਗਾ ਲੱਗਾ ਅਤੇ ਹੋਰਨਾ ਨੂੰ ਆਪਣੀ ਨਿਗਾਹ ਵਿੱਚ ਗਿਰਾਇਆ, ਉਹ ਰਹਿਮਾਨ ਕੁਦਰਤ ਦਾ ਚਮਤਕਾਰ ਕਿ ਜੋ ਉੱਮੀ (ਅਨਪੜ੍ਹ) ਹੋਕੇ ਵੀ ਸਾਰੇ ਹਕੱਾਨੀ ਗਿਆਨਾਂ ਵਿੱਚ ਗ਼ਾਲਬ ਹੋਇਆ ਅਤੇ ਹਰ ਇਕ ਕੌਮ ਨੂੰ ਗ਼ਲਤੀਆਂ ਤੇ ਖ਼ਤਾਵਾਂ ਦਾ ਮੁਲਜ਼ਮ ਠਹਿਰਾਇਆ ।

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਆਚਰਣ ਔਕੁੜਾਂ ਦੇ ਦਿਨਾਂ ਵਿੱਚ ਅਤੇ ਜਿੱਤਾਂ ਦੇ ਦਿਨਾਂ ਵਿੱਚ ਕੀ ਸਨ ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਫ਼ਰਮਾਉਂਦੇ ਹਨ ਕਿ ਨਬੀਆਂ ਤੇ ਔਲੀਆ ਦਾ ਵੁਜੂਦ ਇਸ ਲਈ ਹੁੰਦਾ ਹੈ ਕਿ ਤਾਂ ਜੋ ਲੋਕ ਸਮੂਹ ਆਚਰਣਾ ਵਿੱਚ ਉਹਨਾਂ ਦੀ ਪੈਰ੍ਹਵੀ ਕਰਨ ਅਤੇ ਜਿੰਨ੍ਹਾਂ ਕਰਜਾਂ ਵਿੱਚ ਰੱਬ ਨੇ ਉਹਨਾਂ ਨੂੰ ਸ਼ਕਤੀ ਬਖ਼ਸੀ ਹੈ ਉਸ ਸ਼ਕਤੀ ਤੋਂ ਲਾਭ ਉਠਾਉਣ ਲਈ ਸਾਰੇ ਪੈਰ੍ਹ ਮਾਰਨ (ਅਰਥਾਤ ਉਸ ਓਪੱਰ ਚਲੱਣ ਦਾ ਜਤਨ ਕਰਨ) ਅਤੇ ਇਹ ਗੱਲ ਅਤਿਅੰਤ ਸਪਸ਼ਟ ਹੈ ਕਿ ਕਿਸੇ ਮਨੁੱਖ ਦੇ ਚੰਗੇ ਆਚਰਣ ਉਸ ਸਮੇਂ ਪ੍ਰਮਾਣ ਨੂੰ ਪਹੁੰਚਦੇ ਹਨ ਜੱਦ ਕਿ ਆਪਣੇ

ਸਮੇਂ'ਤੇ ਪ੍ਰਕਟ ਹੋਣ (ਹਰ ਅਖ਼ਲਾਕ ਦਾ ਇਕ ਸਮਾਂ ਹੁੰਦਾ ਹੈ ਜੱਦ ਆਪਣੇ ਆਪਣੇ ਸਮੇਂ ਉਪੱਰ ਪ੍ਰਕਟ ਹੋਣ ਤਾਂ ਹੀ ਪਤਾ ਲਗੱਦਾ ਹੈ ਕਿ ਉਹ ਸਿੱਧ ਹੋ ਰਹੇ ਹਨ ।) ਅਤੇ ਉਸੇ ਸਮੇਂ ਹੀ ਉਹਨਾਂ ਦਾ ਪ੍ਰਭਾਵ ਦਿਲਾਂ ਉਪੱਰ ਵੀ ਹੁੰਦਾ ਹੈ । ਉਧਾਰਣ ਲਈ 'ਅਫ਼ਵ' (ਦਰਗੁਜ਼ਰ ਕਰਨਾ ਜਾਂ ਮੁਆਫ਼ ਕਰਨਾ) ਉਹ ਵਿਸ਼ਵਾਸ ਤੇ ਉਸਤਤੀ ਯੋਗ ਹੈ ਜੋ ਬਦਲੇ ਦੀ ਭਾਵਨਾ ਸਮੇਂ ਹੋਵੇ । (ਜੱਦ ਕਿਸੇ ਵਿੱਚ ਬਦਲਾ ਲੈਣ ਦੀ ਤਾਕਤ ਹੋਵੇ ਉਸ ਸਮੇਂ ਮੁਆਫ਼ ਕਰਨਾ ਇਹੋ ਪ੍ਰਸ਼ੰਸਾ ਯੋਗ ਹੈ ।) ਅਤੇ ਪਰਹੇਜ਼ਗਾਰੀ (ਬਚਾਵ) ਉਹ ਵਿਸ਼ਵਾਸ ਯੋਗ ਹੈ ਜੋ ਆਪੇ ਦੀ ਪੂਰਤੀ ਦੀ ਸ਼ਕਤੀ ਹੁੰਦਿਆਂ ਹੋਇਆਂ ਵੀ ਪਰਹੇਜ਼ਗਾਰੀ (ਬਚਾਵ) ਉਪੱਰ ਕਾਇਮ ਰਹੇ । ਭਾਵ ਰੱਬ ਦੀ ਇਛੱਾ ਨਬੀਆਂ ਤੇ ਔਲੀਆ ਲਈ ਇਹ ਹੁੰਦੀ ਹੈ ਕਿ ਉਹਨਾਂ ਦੇ ਹਰ ਪ੍ਰਕਾਰ ਦੇ ਅਖ਼ਲਾਕ ਪ੍ਰਕਟ ਹੋਣ ਅਤੇ ਪ੍ਰਮਾਣ ਹੋਣ ਤੱਕ ਪਹੁੰਚ ਜਾਣ । ਸੋ, ਰੱਬ ਇਸੇ ਨਿਸਚੇ ਨੂੰ ਪੂਰਾ ਕਰਨ ਲਈ ਉਹਨਾਂ ਦੇ ਨੂਰਾਨੀ ਜੀਵਨ ਨੂੰ ਦੋ ਭਾਗਾਂ ਵਿੱਚ ਵੰਡ ਦਿੰਦਾ ਹੈ । (ਦੋ ਭਾਗ ਆਉਂਦੇ ਹਨ) ਇਕ ਭਾਗ ਤੰਗੀ ਅਤੇ ਔਕੜਾਂ ਵਿੱਚ ਲੰਘਦਾ ਹੈ ਅਤੇ ਹਰ ਪ੍ਰਕਾਰ ਦੇ ਦੁੱਖ ਦਿੱਤੇ ਜਾਂਦੇ ਹਨ ਅਤੇ ਤੰਗ ਕੀਤੇ ਜਾਂਦੇ ਹਨ ਤਾਂ ਜੋ ਉਹਨਾਂ ਦੇ ਉਚੱਤਮ ਆਚਰਣ ਪ੍ਰਕਟ ਹੋ ਜਾਣ ਕਿ ਜੋ ਕਰੜੀਆਂ ਮੁਸੀਬਤਾਂ ਤੋਂ ਬਿਨਾਂ ਉਕੱਾ ਹੀ ਪ੍ਰਕਟ ਤੇ ਪ੍ਰਮਾਣਤ ਨਹੀਂ ਹੋ ਸਕਦੇ ।

ਅਤੇ ਦੂਜਾ ਭਾਗ ਨਬੀਆਂ ਤੇ ਔਲੀਆ ਦੇ ਜੀਵਨ ਦਾ ਫ਼ਤਹਿ ਵਿੱਚ ਇਕਬਾਲ ਤੇ ਸੰਪਨਤਾ ਵਿੱਚ ਮਰਤਬੇ ਅਨੁਸਾਰ ਹੁੰਦਾ ਹੈ ਤਾਂ ਜੋ ਓਹ ਅਖ਼ਲਾਕ ਪ੍ਰਕਟ ਹੋ ਜਾਣ ਜਿੰਨ੍ਹਾ ਦੇ ਪ੍ਰਕਟ ਹੋਣ ਲਈ ਫ਼ਤਿਹ ਹੋਣਾ ਇਕਬਾਲ ਹੋਣਾ ਅਤੇ ਸਾਹਿਬੇ ਧੰਨਵਾਨ ਹੋਣਾ, ਸਾਹਿਬੇ ਅਰਧਿਕਾਰ ਹੋਣਾ, ਸਾਹਿਬੇ ਸੱਤਾ (ਪਾਵਰ) ਹੋਣਾ ਅਤੇ ਸ਼ਕਤੀ ਸ਼ਾਲੀ ਹੋਣਾ ਜ਼ਰੂਰੀ ਹੈ । ਕਿਉਂਕਿ ਆਪਣੇ ਦੁੱਖ ਦੇਣ ਵਾਲਿਆਂ ਦੇ ਪਾਪ ਬਖ਼ਸ਼ਣਾ, ਆਪਣੇ ਤੰਗ ਕਰਨ ਵਾਲਿਆਂ ਨੂੰ ਦਰਗੁਜ਼ਰ ਕਰਨਾ ਅਤੇ ਆਪਣੇ ਦੁਸ਼ਮਣਾ ਨਾਲ ਪਿਆਰ ਕਰਨਾ ਅਤੇ ਆਪਣੇ ਨਾਲ ਬੁਰਾ ਚਾਹੁਣ ਵਾਲਿਆਂ ਨਾਲ ਖ਼ੈਰਖ਼ਵਾਹੀ ਕਰਨੀ । ਦੌਲਤ ਨਾਲ ਦਿਲ ਨਾ ਲਾਉਂਣਾ, ਦੌਲਤ ਨਾਲ ਹੰਕਾਰੀ ਨ ਹੋਣਾ, ਦੌਲਤਮੰਦੀ ਵਿੱਚ ਲਾਲਚ ਤੇ ਕੰਜੂਸੀ ਨ ਅਪਨਾਉਣਾ, ਉਦਾਰਤਾ, ਦਾਨਸ਼ੀਲਤਾ ਤੇ ਬਖ਼ਸ਼ਿਸ਼ ਦਾ ਦਰ ਖੋਲਣਾ ਅਤੇ ਦੌਲਤ ਨੂੰ ਭਾਈ ਭਤੀਜਾਵਾਦ ਬਨਾਉਣਾ ਅਤੇ ਸਰਕਾਰ ਨੂੰ ਜ਼ੁਲਮ ਤੇ ਅਤਿਆਜਾਰ ਦਾ ਸਾਧਨ ਬਨਾਉਣਾ (ਜੇਕਰ ਸਰਕਾਰ ਹੱਥ ਆ ਜਾਵੇ ਤਾਂ ਉਸ ਰਾਹੀਂ ਅਤਿਆਚਾਰ ਕਰਨਾ) ਇਹ ਸਾਰੇ ਅਖ਼ਲਾਕ ਅਜਿਹੇ ਹਨ ਕਿ ਜਿੰਨ੍ਹਾ ਦੇ ਸਬੂਤ ਲਈ ਧੰਨਵਾਨ ਤੇ ਸ਼ਕਤੀ ਸ਼ਾਲੀ ਹੋਣਾ ਜ਼ਰੂਰੀ ਹੈ । ਅਤੇ ਉਸੇ ਸਮੇਂ ਹੀ ਇਹ ਪ੍ਰਮਾਣ ਦੀ ਅਵਸਥਾ ਨੂ ਪਹੁੰਚਦੇ ਹਨ ਕਿ ਜੱਦ ਮਨੁੱਖ ਲਈ ਧੰਨ ਤੇ ਪਾਵਰ ਦੋਵੇਂ ਉਪਲਭਦ ਹੋਣ । ਸੋ, ਕਿਓਂਹੁਕਿ ਬਿਨਾ ਔਕੜਾਂ ਦੇ ਜੁੱਗ ਅਤੇ ਧੰਨ ਤੇ ਪਾਵਰ ਦੇ ਜੁੱਗ ਦੇ (ਕਮਜ਼ੋਰੀ ਤੇ ਮੁਸੀਬਤਾਂ ਦਾ ਜਮਾਨਾ ਅਤੇ ਧੰਨ ਦੌਲਤ ਤੇ ਪਾਵਰ ਦਾ ਜ਼ਮਾਨਾ) ਇਹ ਦੋਵੇਂ ਪ੍ਰਕਾਰ ਦੇ ਜੁੱਗ ਦੇ ਅਖ਼ਲਾਕ ਪ੍ਰਕਟ ਨਹੀਂ ਹੋ ਸਕਦੇ । ਭਾਵ ਉਦਾਰਤਾ, ਦਾਨਸ਼ੀਲਤਾ, ਸਖ਼ਾਵਤ, ਹਮਦਰਦੀ, ਤਪੱਸਿਆ, ਸੰਤੋਖ, ਦਲੇਰੀ, ਸ਼ੁਜਾਤ ਅਤੇ ਇਲਾਹੀ ਸਨੇਹ ਬਾਰੇ ਜੋ ਉਤੱਮ ਅਖ਼ਲਾਕ ਹਨ ਉਹ ਵੀ ਰੱਬ ਨੇ ਹਜ਼ਰਤ ਖ਼ਾਤਾਮੁਲ ਅੰਬਿਆ ਸਲਲਾਹੁ ਅਲੈਹਿ ਵਸਲਅਮ ਵਿੱਚ ਅਜਿਹੇ ਪ੍ਰਟਕ ਕੀਤੇ ਕਿ ਜਿਨ੍ਹਾ ਦੀ ਉਧਾਰਣ ਨ ਕਦੇ ਦੁਨੀਆ ਵਿੱਚ ਪ੍ਰਕਟ ਹੋਈ ਅਤੇ ਨ ਹੀ ਭਵਿੱਖ ਵਿੱਚ ਕਦੇ ਪ੍ਰਕਟ ਹੋਵੇਗੀ ।

ਆਪ ਫ਼ਰਮਾਉਂਦੇ ਹਨ ਕਿ ਰੱਬ ਨੇ ਆਪ ਦੇ ਪਾਕ ਵੁਜੂਦ ਵਿੱਚ ਇਹਨਾਂ ਹੀ ਅਰਥਾਂ ਵਿੱਚ ਵਹੀ ਤੇ ਰਸਾਲਤ ਨੂੰ ਖ਼ਤਮ ਕੀਤਾ ਹੈ ਕਿ ਸਾਰੇ ਕਮਾਲ ਇਸ ਵੁਜੂਦ ਵਿੱਚ ਸੰਪੂਰਨ ਤੇ ਖ਼ਤਮ ਹੋ ਗਏ । ( وهذا فضل الله يؤتيه من يشاء ) ਵ ਹਾਜ਼ਾ ਫ਼ਜ਼ਲੁਲੱਾਹਿ ਯੁਤੀਹਿ ਮੰਯਸ਼ਾਉ" । ਫਿਰ ਇਸ ਗੱਲ ਨੂੰ ਦਸਦਿਆਂ ਹੋਇਆਂ ਕਿ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲਾਹੁ ਅਲੈਹਿ ਵਸਲਅਮ ਨਾਲ ਪ੍ਰੇਮ ਅਤੇ ਪੈਰ੍ਹਵੀ ਮਨੁੱਖ ਨੂੰ ਰੱਬ ਦਾ ਪਿਆਰਾ ਬਣਾ ਦਿੰਦਾ ਹੈ ਆਪ ਹੋਰ ਫ਼ਰਮਾਉਂਦੇ ਹਨ ਕਿ ਰੱਬ ਨੇ ਆਪਣਾ ਕਿਸੇ ਨਾਲ ਪਿਆਰ ਕਰਨਾ ਇਸ ਗੱਲ ਦੀ ਸ਼ਰਤ ਨਾਲ ਕਰ ਦਿੱਤਾ ਹੈ ਕਿ ਅਜਿਹਾ ਮਨੁੱਖ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲਾਹੁ ਅਲੈਹਿ ਵਸਲਅਮ ਦੀ ਪੈਰ੍ਹਵੀ ਕਰੇ ।

ਫਿਰ ਇਹ ਵਰਨਣ ਕਰਦਿਆਂ ਹੋਇਆਂ ਕਿ ਸਭ ਤੋਂ ਕਾਮਲ ਮਨੁੱਖ ਤੇ ਕਾਮਲ ਨਬੀ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਹੀ ਹਨ ਫ਼ਰਮਾਉਂਦੇ ਹਨ ਕਿ ਉਹ ਮਨੁੱਖ ਜਿਸ ਨੇ ਆਪਣੇ ਵੁਜੂਦ ਰਾਹੀਂ, ਆਪਣੇ ਗੁਣਾ ਰਾਹੀਂ, ਆਪਣੇ ਕਰਮਾ ਰਾਹੀਂ, ਆਪਣੇ ਅਮਲਾਂ ਰਾਹੀਂ ਅਤੇ ਆਪਣੇ ਰੂਹਾਨੀ, ਪਾਕ, ਮਜਜ਼ਬੂਤ ਤੇ ਪੁਰਜ਼ੋਰ ਵੱਗਦੇ ਦਰਿਆ ਰਾਹੀਂ ਸੰਪੂਰਨ ਕਮਾਲਾਂ ਦਾ ਨਮੂਨਾ ਬੋਧਕ, ਕਰਮ ਰੂਪੀ, ਸਚੱਾਈ ਤੇ ਪ੍ਰਮਾਣਾ ਨਾਲ ਦਿਖਾਇਆ ਅਤੇ ਕਾਮਲ ਇਨਸਾਨ ਅਖਵਾਇਆ, ਉਹ ਇਨਸਾਨ ਜੋ ਸਭ ਤੋਂ ਅਧਿਕ ਕਾਮਲ ਅਤੇ ਇਨਸਾਨੇ ਕਾਮਲ ਸੀ ਅਤੇ ਕਾਮਲ ਨਬੀ ਸੀ ਕਾਮਲ ਬਰਕਤਾਂ ਨਾਲ ਆਇਆ ਜਿਸ ਦੇ ਰੂਹਾਨੀ ਅਵਤਰਣ ਤੇ ਪਰਲੈ ਦੇ ਸਬਬ ਦੁਨੀਆ ਦੀ ਕਯਾਮਤ ਪ੍ਰਕਟ ਹੋਈ ਅਤੇ ਇਕ ਮੋਇਆ ਆਲਮ ਉਸ ਦੇ ਆਉਣ ਨਾਲ ਜੀਵਿਤ ਹੋ ਉਠੱਾ, ਉਹ ਮੁਬਾਰਕ ਨਬੀ ਹਜ਼ਰਤੇ ਖ਼ਾਤਾਮੁਲ ਅੰਬਿਆ ਇਮਾਮੁਲ ਅਸਫ਼ਿਆ ਖ਼ਤਮੁਲ ਮੁਰਸਿਲੀਨ ਫ਼ਖ਼ਰੁਨੱਬੀਯੀਨ ਜਨਾਬੇ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਹਨ ।

ਫਿਰ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੇ ਕਈ ਉਪਕਾਰਾਂ ਦਾ ਵਰਨਣ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਉਸ ਨੇ ਸਾਡੇ ਲਈ ਇਕ ਅਜਿਹਾ ਰਸੂਲ ਭੇਜਿਆ ਹੈ ਜੋ ਅਤਿਅੰਤ ਕਿਰਪਾਲੂ ਹੈ ਸਾਰਿਆਂ ਚੰਗੇ ਕਰਮਾ ਵਿੱਚ ਬਰਕਤਾਂ ਭਰਪੂਰ ਹੈ ਭਾਂਤ ਭਾਂਤ ਦੇ ਸਾਰੇ ਕਮਾਲਾਂ ਵਿਚ, ਹਰ ਖੇਤਰ ਵਿੱਚ ਅਗਾਂਹ ਲੈ ਜਾਣ ਵਾਲਾ ਹੈ । ਸਾਰਿਆਂ ਰਸੂਲਾਂ ਤੇ ਨਬੀਆਂ ਦਾ ਖ਼ਾਤਮ ਹੈ । ਸ਼ਹਿਰਾਂ ਦੀ ਜਨਨੀ ਅਰਥਾਤ ਪਵਿੱਤਰ ਮੱਕੇ ਵਿੱਚ ਆਉਣ ਵਾਲਾ ਨਬੀ ਸੱਚ ਮੁੱਚ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਹੈ ਕਿਉਕਿ ਉਸ ਤੋਂ ਲਾਭ ਪਾਉਣ ਵਾਲਿਆਂ ਦੀਆਂ ਜੀਭਾਂ ਹਰ ਸਮੇਂ ਉਸ ਦੇ ਗੁਣਗਾਣ ਨਾਲ ਭਿਜੀਆਂ ਰਹਿੰਦੀਆਂ ਹਨ ਅਤੇ ਉਹ ਇਸ ਪੱਖੋਂ ਵੀ ਗੁਣਗਾਣ ਦਾ ਅਧਿਕਾਰੀ ਹੈ ਕਿ ਉਸ ਨੇ ਉਮੱਤ (ਕੌਮ) ਖ਼ਾਤਰ ਅਤਿਅੰਤ ਕਰੜੀ ਮਿਹਨਤ ਆਪਣੇ ਉਪੱਰ ਲਈ ਅਤੇ ਧਰਮ ਦੀ ਇਮਾਰਤ ਨੂੰ ਬੁਲੰਦ ਕੀਤਾ ਅਤੇ ਇਸ ਲਈ ਵੀ ਕਿ ਉਹ ਸਾਡੇ ਲਈ ਇਕ ਰੋਸ਼ਨ ਤੇ ਲਿਸ਼ਕਾਰੇ ਮਾਰਦੀ ਸੰਪੂਰਨ ਕਿਤਾਬ ਲਿਆਇਆ ਅਤੇ ਇਸ ਲਈ ਵੀ ਕਿ ਉਸ ਨੂੰ ਆਪਣੇ ਖ਼ੁਦਾ, ਸਾਰਿਆਂ ਜਹਾਨਾਂ ਦੇ ਰੱਬ ਦੇ ਸੰਦੇਸ਼ ਪਹੁੰਚਾਉਣ ਵਿੱਚ ਸਾਡੀ ਖ਼ਾਤਰ ਭਿੰਨ ਭਿੰਨ ਦੁੱਖਾਂ ਦਾ ਨਿਸ਼ਾਨਾ ਬਨਣਾ ਪਿਆ । ਫਿਰ ਇਸ ਲਈ ਵੀ ਕਿ ਜੋ ਕੁਝ ਪਹਿਲੀਆਂ ਕਿਤਾਬਾਂ ਵਿੱਚ ਅਧੂਰਾ ਤੇ ਘਾਟ ਰਹੀ ਉਸ ਨੂੰ ਆਪ ਸਲਲੱਾਹੁ ਅਲੈਹਿ ਵਸਲਅਮ ਨੇ ਪੂਰਾ ਕੀਤਾ ਅਤੇ ਸਾਨੂੰ ਊਚ ਨੀਚ ਤੇ ਹੋਰਨਾ ਐਬਾਂ ਤੇ ਨੁਕਸਾਂ ਤੋਂ ਪਾਕ ਸ਼ਰੀਅਤ ਪ੍ਰਦਾਨ ਕੀਤੀ ਅਤੇ ਅਖ਼ਲਾਕ ਨੂੰ ਚਰਮ ਸੀਮਾ ਤੱਕ ਪਹੁੰਚਾਇਆ ।

ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਮਨਸਬ (ਅਹੁਦੇ) ਖ਼ਤਮੇ ਨਬੁਵੱਤ ਦੀਆਂ ਬਰਕਤਾਂ ਦਾ ਵਰਨਣ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਅਸੀਂ ਈਮਾਨ ਰੱਖਦੇ ਹਾਂ ਕਿ ਸਾਡੇ ਆਕਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਅਲੱਾਹ ਤਅਲਾ ਦੇ ਨਬੀ ਅਤੇ ਰਸੂਲ ਹਨ ਅਤੇ ਆਪ ਸਲਲੱਾਹੁ ਅਲੈਹਿ ਵਸਲਅਮ ਦਾ ਦੀਨ (ਧਰਮ) ਸਾਰਿਆਂ ਧਰਮਾਂ ਤੋਂ ਬਿਹਤਰ ਹੈ ਅਤੇ ਅਸੀਂ ਇਸ ਗੱਲ ਉਪੱਰ ਵੀ ਈਮਾਨ ਰਖੱਦੇ ਹਾਂ ਕਿ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਖ਼ਾਤਮੁਲ ਅੰਬਿਆ ਹਨ । ਆਪ ਦੇ ਬਾਦ ਉਹੋ ਨਬੀ ਹੋ ਸਕਦਾ ਹੈ ਜਿਸਦੀ ਪਾਲ੍ਹਣਾ ਆਪ ਦੇ ਫ਼ੈਜ਼ ਰਾਹੀਂ ਹੋਈ ਹੋਵੇ ਅਤੇ ਆਪ ਜੀ ਪੇਸ਼ਗੋਈ ਅਨੁਸਾਰ ਆਇਆ ਹੋਵੇ ਅਤੇ ਹੋਰ ਕੋਈ ਨਬੀ ਨਹੀਂ ਆ ਸਕਦਾ । ਅਤੇ ਖ਼ਤਮੇ ਨਬੁਵੱਤ ਤੋਂ ਭਾਵ ਨਬੁਵੱਤ ਦੇ ਸਾਰੇ ਕਮਾਲ ਸਾਡੇ ਨਬੀ ਸਰਬਉੱਚ ਰਸੂਲ ਤੇ ਅੰਬਿਆ ਉਪੱਰ ਖ਼ਤਮ ਹੋਣਾ ਹੈ ਅਤੇ ਅਸੀਂ ਵਿਸ਼ਵਾਸ ਰਖੱਦੇ ਹਾਂ ਕਿ ਆਪ ਜੀ ਦੇ ਬਾਦ ਉਹੋ ਨਬੀ ਆ ਸਕਦਾ ਹੈ ਜੋ ਆਪ ਜੀ ਦੀ ਉਮੱਤ ਵਿੱਚੋਂ ਆਕੇ ਆਪ ਦੇ ਕਾਮਲ ਪੈਰ੍ਹੋ ਵਿੱਚੋਂ ਹੋਵੇ ਜਿਸ ਨੇ ਸਾਰੇ ਦਾ ਸਾਰਾ ਫ਼ੈਜ਼ ਆਪਦੀ ਆਤਮਕਤਾ'ਚੋਂ ਲਿਆ ਹੋਵੇ ਅਤੇ ਆਪ ਦੇ ਨੂਰ ਨਾਲ ਰੌਸ਼ਨ ਹੋਇਆ ਹੋਵੇ ।

ਫਿਰ ਆਪ ਵਰਨਣ ਕਰਦੇ ਹਨ ਕਿ ਹੁਣ ਸਫ਼ਾਰਸ਼ ਕਰਨ ਵਾਲੇ ਕੇਵਲ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਹਨ । ਫ਼ਰਮਾਇਆ ਮਨੁੱਖ ਜਾਤੀ ਲਈ ਇਸ ਸ੍ਰਿਸ਼ਟੀ ਵਿੱਚ ਹੁਣ ਕੋਈ ਕਿਤਾਬ ਨਹੀਂ ਪਰ ਕੁਰਆਨ ਕਰੀਮ ਅਤੇ ਸੰਪੂਰਨ ਮਨੁੱਖਾਂ ਲਈ ਹੁਣ ਕੋਈ ਰਸੂਲ ਅਤੇ ਸਫ਼ਾਰਸ਼ੀ ਨਹੀਂ ਪਰ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ, ਸੋ ਤੁਸੀਂ ਜਤਨ ਕਰੋ ਕਿ ਸਚੱਾ ਪ੍ਰੇਮ ਉਸ ਜਾਹੋ ਜਲਾਲ ਵਾਲੇ ਨਬੀਂ ਨਾਲ ਰੱਖੋ ਅਤੇ ਉਸ ਤੋਂ ਬਿਨਾ ਕਿਸੇ ਹੋਰ ਨੂੰ

ਉਸ'ਤੇ ਵੱਡਿਆਈ ਨ ਦਿਓ ਤਾਂ ਜੋ ਤੁਸੀਂ ਅਕਾਸ਼ ਉਪੱਰ ਮੁਕਤੀ ਪ੍ਰਾਪਤ ਲਿੱਖੇ ਜਾਓ ਅਤੇ ਚੇਤੇ ਰੱਖੋ ਕਿ ਨਿਜਾਤ (ਮੁਕਤੀ) ਉਹ ਚੀਜ਼ ਨਹੀਂ ਜੋ ਮਰਨ ਦੇ ਬਾਦ ਪ੍ਰਕਟ ਹੋਵੇਗੀ ਸਗੋਂ ਵਾਸਤਵਿਕ ਨਿਜਾਤ (ਮੁਕਤੀ) ਉਹ ਹੈ ਕਿ ਇਸੇ ਦੁਨੀਆ ਵਿੱਚ ਆਪਣੀ ਰੋਸ਼ਨੀ ਦਿਖਾਉਂਦੀ ਹੈ । ਨਿਜਾਤ (ਮੁਕਤੀ) ਪ੍ਰਾਪਤ ਕੌਣ ਹੈ? ਉਹ ਜੋ ਵਿਸ਼ਵਾਸ ਰਖੱਦਾ ਹੈ ਕਿ ਰੱਬ ਸੱਚ ਹੈ ਅਤੇ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ, ਉਸ ਵਿੱਚ ਅਤੇ ਸਾਰੀ ਮਖ਼ਲੂਕ ਵਿੱਚ ਸਫ਼ਾਰਸ਼ੀ ਹਨ ਅਤੇ ਅਕਾਸ਼ ਹੇਠ ਉਸ ਦੇ ਮਰਤਬੇ ਦਾ ਕੋਈ ਰਸੂਲ ਨਹੀਂ ਅਤੇ ਨ ਹੀ ਕੁਰਆਨ ਕਰੀਮ ਦੇ ਮਰਤਬੇ ਦੀ ਕੋਈ ਹੋਰ ਕਿਤਾਬ ਹੈ । ਕਿਸੇ ਲਈ ਰੱਬ ਨੇ ਨਹੀਂ ਚਾਹਿਆ ਕਿ ਉਹ ਹਮੇਸ਼ਾ ਜੀਉਂਦਾ ਰਹੇ ਪਰ ਵੱਡਿਆਈ ਯੋਗ ਨਬੀ ਹਮੇਸ਼ਾ ਲਈ ਜੀਉਂਦਾ ਹੈ ।

ਸੋ, ਇਹ ਕੁਝ ਸਾਹਿਤਿਕ ਕਥਨ ਸਨ ਜੋ ਮੈਂ ਉਹਨਾਂ ਅਸੰਖ ਕਥਨਾਂ ਵਿੱਚੋਂ ਲਏ ਹਨ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲਅਮ ਦੀ ਸ਼ਾਨ, ਮਹਾਨਤਾ ਤੇ ਅਸਥਾਨ ਬਾਰੇ ਲਿੱਖੇ ਹਨ । ਇਸੇ ਪ੍ਰਕਾਰ ਇਸਲਾਮ ਦੀਆਂ ਵੱਖ ਵੱਖ ਸਿੱਖਿਆਵਾਂ ਦੇ ਵਿਸਥਾਰ ਬਾਰੇ ਵੀ ਇਕ ਖ਼ਜ਼ਾਨਾ ਹੈ ਜੋ ਆਪ ਨੇ ਪੇਸ਼ ਕੀਤਾ । ਰੱਬ ਸਾਨੂੰ ਇਸ ਤੋਂ ਵੱਧ ਤੋਂ ਵੱਧ ਲਾਭ ਉਠਾਉਣ ਦਾ ਸੰਜੋਗ ਪ੍ਰਦਾਨ ਕਰੇ ਅਤੇ ਇਸਲਾਮ ਦੇ ਨਾਂ ਨਿਹਾਦ ਅਲੰਬਰਦਾਰਾਂ ਨੂੰ ਵੀ ਅਕਲ ਤੇ ਸੋਝੀ ਦੇਵੇ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਵਾਸਤਵਿਕ ਸੱਚੇ ਆਸ਼ਕ ਦੀਆਂ ਗੱਲਾਂ ਨੂੰ ਸੁਨਣ ਅਤੇ ਸਧਾਰਣ ਮੁਸਲਮਾਨਾਂ ਦਾ ਉਚਿਤ ਮਾਰਗ ਦਰਸ਼ਨ ਕਰਨ ਵਾਲੇ ਬਨਣ ।

ਜੁਮਏ ਦੇ ਖ਼ੁਤਬੇ ਦੇ ਅੰਤ ਵਿੱਚ ਹਜ਼ੂਰ ਅਨਵਰ ਨੇ ਦੋ ਨਾਜ਼ਿਆਂ ਬਾਰੇ ਸਦਭਾਵਨਾ ਪ੍ਰਕਟ ਕੀਤੀ, ਫ਼ਰਮਾਇਆ ਕਿ ਪਹਿਲਾ ਜਨਾਜ਼ਾਹ ਮੁਕਰੱਮ ਮੁਹਮੱਦ ਮੂਸਾ ਸਾਹਬ ਦਰਵੇਸ਼ ਕਾਦੀਆਂ ਦਾ ਹੈ ਜਿੰਨ੍ਹਾ ਦੀ ਵਫ਼ਾਤ 10 ਮਈ 2015 ਈ. ਨੂੰ 95 ਸਾਲ ਦੀ ਉਮੱਰ ਵਿੱਚ ਕਾਦੀਆਂ ਵਿੱਚ ਹੋਈ । ਦੂਜਾ ਜਨਾਜ਼ਾਹ ਮੁਕਰੱਮਾ ਸਾਹਿਬਜ਼ਾਦੀ ਸਯੱਦਹ ਅਮਤੁਰ ਰਫ਼ੀਕ ਸਾਹਿਬਾ ਦਾ ਹੈ ਜਿੰਨ੍ਹਾ ਦੀ 6 ਮਈ 2015 ਈ. ਨੂੰ 80 ਸਾਲ ਦੀ ਉਮਰ ਵਿੱਚ ਰਬਵਾ ਵਿੱਚ ਵਫ਼ਾਤ ਹੋਈ ਸੀ । (اناللهواناالیه راجعون) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਹਜ਼ੂਰ ਅਨਵਰ ਨੇ ਇਹਨਾਂ ਦੋਹਾਂ ਮਰਹੂਮੀਨ ਦੇ ਪਰਿਵਾਰਕ ਪਿਛੋਕੜ, ਸਦਗੁਣਾ ਤੇ ਸੇਵਾਵਾਂ ਦਾ ਵਰਨਣ ਕਰਦਿਆਂ ਹੋਇਆਂ ਮਗ਼ਫ਼ਿਰਤ ਤੇ ਬੁਲੰਦ ਦਰਜਿਆਂ ਲਈ ਦੁਆ ਕਰਾਈ ।

**Khulasa Khutba 15.05.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131